# ਰਾਜ ਸਾਇੰਸ ਸਿੱਖਿਆ ਸੰਸਥਾ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
ਫੋਨ ਨੰ: 0172-2210144, 0172-2210077. e-mail : sisepunjab@yahoo.com

**ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ -2015-16**
**(ਕੇਵਲ ਅੱਠਵੀਂ ਅਤੇ ਦਸਵੀਂ ਸ੍ਰੇਣੀ ਲਈ)**

ਰਾਜ ਸਾਇੰਸ ਸਿੱਖਿਆ ਸੰਸਥਾ (SISE) ਪੰਜਾਬ, ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ (ਐਸ.ਸੀ.ਈ.ਆਰ.ਟੀ.), ਪੰਜਾਬ ਚੰਡੀਗੜ੍ਹ ਵੱਲੋਂ ਰਾਜ ਪੱਧਰ ਦੀ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ -2015 (PSTSE) ਲਈ 500 ਵਿਦਿਆਰਥੀਆਂ ਅੱਠਵੀਂ ਸ੍ਰੇਣੀ ਦੇ ਅਤੇ 500 ਵਿਦਿਆਰਥੀ ਦਸਵੀਂ ਸ੍ਰੇਣੀ ਦੇ ਵਜੀਫੇ ਲਈ ਚੁਣਨ ਲਈ ਮਿਤੀ 24-01-2016 (ਐਤਵਾਰ) ਨੂੰ ਲਈ ਜਾਣੀ ਹੈ। ਪੰਜਾਬ ਰਾਜ ਵਿੱਚ ਸਥਿਤ ਸਾਰੇ ਸਰਕਾਰੀ ਸਕੂਲਾਂ ਦੇ 8ਵੀਂ ਸ੍ਰੇਣੀ ਅਤੇ ਦਸਵੀਂ ਸ੍ਰੇਣੀ ਵਿੱਚ ਪੜ੍ਹਦੇ ਉਹ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਬੈਠ ਸਕਦੇ ਹਨ, ਜਿਨ੍ਹਾਂ ਨੇ 7ਵੀਂ ਸ੍ਰੇਣੀ ਅਤੇ ਨੌਂਵੀਂ ਸ੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ 55% ਨੰਬਰ ( ਜਨਰਲ ਕੈਟਾਗਿਰੀ ਲਈ) ਅਤੇ 50% ਨੰਬਰ (ਰਾਖਵੀਆਂ ਸ੍ਰੇਣੀਆਂ ਲਈ) ਪ੍ਰਾਪਤ ਕੀਤੇ ਹਨ। ਵਜੀਫਾ 200/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 8ਵੀਂ/10ਵੀਂ ਸ੍ਰੇਣੀ ਤੋਂ ਸੁਰੂ ਹੋ ਕੇ 12ਵੀਂ ਸ੍ਰੇਣੀ ਤੱਕ ਮਿਲੇਗਾ। ਇਸ ਪ੍ਰੀਖਿਆ ਲਈ ਮਾਪਿਆਂ ਦੀ ਸਾਲਾਨਾ ਆਮਦਨ ਦੀ ਕੋਈ ਹੱਦ ਬੰਦੀ ਨਹੀਂ ਹੋਵੇਗੀ।

**ਪ੍ਰੀਖਿਆ, ਸਿਲੇਬਸ ਅਤੇ ਮਾਧਿਅਮ:** ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਦੇ ਪ੍ਰਸਨ ਪੱਤਰ ਦੇ ਦੋ ਭਾਗ ਹੋਣਗੇ (1) ਮਾਨਸਿਕ ਯੋਗਤਾ ਦਾ ਟੈਸਟ- 50 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) (2) ਵਿਸਿਆਂ ਦੀ ਯੋਗਤਾ ਦਾ ਟੈਸਟ -130 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) ਹੋਣਗੇ। ਵਿਸਿਆਂ ਦੀ ਯੋਗਤਾ ਦੇ ਟੈਸਟ ਵਿੱਚ 8ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ 7ਵੀਂ ਅਤੇ 8ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਨਾਗਰਿਕ ਸਾਸਤਰ, ਅੰਗਰੇਜੀ,ਪੰਜਾਬੀ ਅਤੇ ਹਿੰਦੀ ਵਿਸੇ ਹੋਣਗੇ ਅਤੇ 10ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ 9ਵੀਂ ਅਤੇ 10ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਅਰਥ ਸਾਸਤਰ, ਨਾਗਰਿਕ ਸਾਸਤਰ, ਅੰਗਰੇਜੀ, ਪੰਜਾਬੀ ਅਤੇ ਹਿੰਦੀ ਵਿਸੇ ਹੋਣਗੇ। ਪ੍ਰੀਖਿਆ ਦਾ ਮਾਧਿਅਮ ਪੰਜਾਬੀ ਹੋਵੇਗਾ।

**ਪ੍ਰੀਖਿਆ ਦਾ ਸਮਾਂ:-** ਤਿੰਨ ਘੰਟੇ ( ਸਵੇਰੇ 10 ਵਜੇ ਤੋਂ ਦੁਪਹਿਰ 1ਵਜੇ ਤੱਕ ) , ਵੇਖਣ ਤੋਂ ਅਸਮਰਥ ਵਿਦਿਆਰਥੀਆਂ ਨੂੰ ਅੱਧੇ ਘੰਟੇ ਦਾ ਸਮਾਂ ਵੱਧ ਦਿੱਤਾ ਜਾਵੇਗਾ।

**ਫੀਸ:-** ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੋਵੇਗੀ।

**ਦਾਖਲਾ ਫਾਰਮ:-** ਦਾਖਲਾ ਫਾਰਮ ਹਰ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਹੈਡਮਾਸਟਰ/ਪ੍ਰਿੰਸੀਪਲ ਤੋਂ ਮਿਤੀ 23-11-2015 ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਹ ਫਾਰਮ ਅਤੇ ਸੈਂਪਲ ਪੇਪਰ ਵਿਭਾਗ ਦੀ ਵੈਬਸਾਈਟ **www.ssapunjab.org** ਤੋਂ ਵੀ ਲਏ ਜਾ ਸਕਦੇ ਹਨ।

**ਦਾਖਲਾ ਫਾਰਮ ਜਮ੍ਹਾਂ ਕਰਾਉਣਾ:-** ਠੀਕ ਤਰ੍ਹਾਂ ਨਾਲ ਭਰੇ ਦਾਖਲਾ ਫਾਰਮ ਸਬੰਧਤ ਜਿਲ੍ਹੇ ਦੇ ਪ੍ਰੀਖਿਆ ਕੇਂਦਰ (ਦਾਖਲਾ ਫਾਰਮ ਵਿੱਚ ਦਿੱਤੇ ਅਨੁਸਾਰ) ਵਾਲੇ ਸਕੂਲ ਦੇ ਪ੍ਰਿੰਸੀਪਲ ਪਾਸ ਮਿਤੀ 23-12-2015 ਤੱਕ ਪੁੱਜ ਜਾਣੇ ਚਾਹੀਦੇ ਹਨ। ਕੋਈ ਵੀ ਬੇਨਤੀ/ਫਾਰਮ **ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ ਜਾਂ (ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ), ਪੰਜਾਬ ਅਜੀਤਗੜ੍ਹ ਵਿਖੇ ਨਾ ਭੇਜਿਆ ਜਾਵੇ।**

**ਰਾਖਵਾਂਕਰਨ:-** ਕੁੱਲ ਸੀਟਾਂ ਦਾ 25% ਅਨੁਸੂਚਿਤ ਜਾਤੀ, 5% ਪਛੜੀਆਂ ਸ੍ਰੇਣੀਆਂ ਅਤੇ 3% ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀਆਂ (1% ਸੁਣਨ ਤੋਂ ਅਸਮਰਥ, 1% ਚੱਲਣ ਫਿਰਨ ਤੋਂ ਅਸਮਰਥ, 1% ਵੇਖਣ ਤੋਂ ਅਸਮਰਥ) ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਐਸ.ਸੀ./ਬੀ.ਸੀ. ਅਤੇ ਸਰੀਰਕ ਵਿਕਲਾਂਗ ਵਿਦਿਆਰਥੀ ਸਬੰਧਤ ਅਧਿਕਾਰੀਆਂ ਤੋਂ ਜਾਰੀ ਹੋਏ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ ਫਾਰਮ ਨਾਲ ਨੱਥੀ ਕਰਨ। ਵਿਕਲਾਂਗ ਵਿਦਿਆਰਥੀਆਂ ਦੇ ਸਰਟਫਿਕੇਟ ਤੇ ਸਬੰਧਤ ਸਰਟੀਫਿਕੇਟ ਜਾਰੀ ਕਰਤਾ ਵੱਲੋਂ ਇਹ ਤਸਦੀਕ ਕੀਤਾ ਹੋਵੇ ਕਿ ਵਿਦਿਆਰਥੀ ਦੀ ਵਿਕਲਾਂਗਤਾ 40% ਜਾਂ ਇਸ ਤੋਂ ਵੱਧ ( PWD Disability Act ਤਹਿਤ ) ਹੈ।

ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ, ਅਜੀਤਗੜ੍ਹ।

**ਡਿਪਟੀ ਡਾਇਰੈਕਟਰ,**
**ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ,**
**ਚੰਡੀਗੜ੍ਹ।**